# ਸੰਤਨ ਸੰਗਿ ਕਬੀਰਾ ਬਿਗਰਿਓ :

## ਗੰਗਾ ਕੈ ਸੰਗਿ ਸਲਿਤਾ ਬਿਗਰੀ ॥ ਸੋ ਸਲਿਤਾ ਗੰਗਾ ਹੋਇ ਨਿਬਰੀ ॥੧॥

ਇਹ ਭੈਰਉ ਰਾਗ ਵਿਚ ਭਗਤ ਕਬੀਰ ਜੀ ਦਾ ਉਚਾਰਣ ਕੀਤਾ ਹੋਇਆ ਸ਼ਬਦ ਹੈ। ਇਸ ਸ਼ਬਦ ਵਿਚ ਬਹੁਤ ਹੀ ਸੁੰਦਰ ਤਰਕ ਦੇ ਕੇ, ਸਾਧੂ ਸੰਗਤ ਦੀ ਅਤਿਅੰਤ ਲੋੜ ਅਤੇ ਮਹਿਮਾ ਗਾਈ ਗਈ ਹੈ। ਤਰਕ ਅਜਿਹੇ ਹਨ ਜਿਨ੍ਹਾਂ ਦਾ ਕੋਈ ਤੋੜ ਨਹੀਂ ਹੋ ਸਕਦਾ।

ਸਾਖੀ ਹੈ ਕਿ ਕਬੀਰ ਜੀ ਦੀ ਮਾਤਾ ਔਖੀ ਹੁੰਦੀ ਸੀ ਕਿ ਉਹ ਵਿਗੜ ਗਿਆ ਹੈ ਕਿ ਉਸਨੇ ਤਣਨਾ ਬੁਣਨਾ ਤਿਆਗ ਦਿਤਾ ਹੈ ਅਤੇ ਮਾਲਾ ਫੜ੍ਹ ਕੇ ਹਰ ਵੇਲੇ ਰਾਮ-ਰਾਮ ਹੀ ਕਰਦਾ ਰਹਿੰਦਾ ਹੈ। ਪਤਾ ਨਹੀਂ ਕਿਸ ਦੀ ਸੰਗਤਿ ਕਰਦਾ ਹੈ ਜਿਸ ਕਰਕੇ ਉਹ ਵਿਗੜ ਗਿਆ ਹੈ। ਗੁਰਬਾਣੀ ਵਿਚ ਇਹ ਇਸ਼ਾਰਾ ਵੀ ਅੰਕਿਤ ਹੈ : 'ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ।।' ਅਤੇ : 'ਹਮਾਰੇ ਕੁਲ ਕਉਨੇ ਰਾਮੁ ਕਹਿਓ।। ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ।।'

ਕਬੀਰ ਸਾਹਿਬ ਜੀ ਫ਼ੁਰਮਾਣ ਕਰਦੇ ਹਨ ਕਿ ਜਿਵੇਂ ਗੰਗਾ ਵਿਚ ਪੈਣ ਨਾਲ ਛੋਟੀ ਨਦੀ ਵਿਗੜ ਜਾਂਦੀ ਹੈ ਭਾਵ ਉਸ ਵਿਚ ਅਜਿਹੀ ਤਬਦੀਲੀ ਆਉਂਦੀ ਹੈ ਕਿ ਉਹ ਗੰਗਾ ਹੀ ਹੋ ਨਿਬੜਦੀ ਹੈ।੧।

(ਇਥੇ ਇਕ ਗਲ ਹੋਰ ਸਪੱਸ਼ਟ ਹੋ ਰਹੀ ਹੈ ਕਿ ਭਗਤ ਕਬੀਰ ਜੀ, ਪਹਿਲੇ, ਸਿਮਰਨ ਲਈ ਮਾਲਾ ਦੀ ਵਰਤੋਂ ਕਰਦੇ ਸਨ, ਜਿਵੇਂ, ਉਨ੍ਹਾਂ ਦੇ ਮੁਤਾਬਕ, ਉਨ੍ਹਾਂ ਦੀ ਮਾਤਾ ਕਹਿ ਰਹੀ ਹੈ ਕਿ ਜਦੋਂ ਤੋਂ ਕਬੀਰ ਸਾਹਿਬ ਨੇ ਮਾਲਾ ਪਕੜੀ ਹੈ, ਦੁਨਿਆਵੀ ਕੰਮ ਕਾਰ ਛੱਡਣ ਕਰ ਕੇ ਉਹ ਦੁਖੀ ਹੈ – 'ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ।।' ਇਸ ਲਈ ਕਬੀਰ ਜੀ ਦਾ ਹਵਾਲਾ ਦੇ ਕੇ ਸਿਮਰਨ ਵੇਲੇ ਮਾਲਾ ਦੀ ਵਰਤੋਂ ਕਰਨਾ ਅਨੁਚਿਤ ਠਹਿਰਾਉਣਾ ਸਹੀ ਨਹੀਂ।)

## ਬਿਗਰਿਓ ਕਬੀਰਾ ਰਾਮ ਦੁਹਾਈ ॥
## ਸਾਚੁ ਭਇਓ ਅਨ ਕਤਹਿ ਨ ਜਾਈ ॥੧॥ ਰਹਾਉ ॥

(ਮਾਂ ਕਹਿੰਦੀ ਹੈ) ਹੇ ਰਾਮ ਦੁਹਾਈ ਹੈ ! ਕਬੀਰ ਵਿਗੜ ਗਿਆ ਹੈ, ਭਾਵ, ਸਾਧੂ ਸੰਗਤ ਕਰ ਕੇ ਵਿਗੜ ਗਿਆ ਹੈ। ਅਸਲ ਗਲ ਤਾਂ ਇਹ ਹੈ ਕਿ ਉਹ ਸਚ ਰੂਪ, ਭਾਵ, ਪਰਮਾਤਮਾ ਦਾ ਰੂਪ ਹੋ ਨਿਬੜਿਆ ਹੈ, ਹੁਣ ਉਹ ਇਧਰ ਉਧਰ ਨਹੀਂ ਭਟਕਦਾ, ਭਾਵ, ਸੁਰਤਿ ਸਦਾ ਪਰਮਾਤਮਾ ਦੇ ਨਾਮ ਵਿਚ ਲਗੀ ਰਹਿੰਦੀ ਹੈ।੧।ਰਹਾਉ।

## ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥
## ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥੨॥

ਠੀਕ ਉਸੇ ਤਰ੍ਹਾਂ ਜਿਵੇਂ ਚੰਦਨ ਦੇ ਨਾਲ ਰਹਿ ਕੇ ਕੋਈ ਵੀ ਰੁਖ ਇਸੇ ਤਰ੍ਹਾਂ ਵਿਗੜ ਜਾਂਦਾ ਹੈ, ਕਿ ਉਹ ਵੀ ਸੁਗੰਧਿਤ ਹੋ ਜਾਂਦਾ ਹੈ ਭਾਵ, ਚੰਦਨ ਦਾ ਰੂਪ ਹੀ ਹੋ ਨਿਬੜਦਾ ਹੈ। 'ਬਿਗਰਿਓ' ਸ਼ਬਦ, ਭਾਵ, 'ਵਿਗੜਿਆ' ਸ਼ਬਦ, ਉਹ ਆਪਣੀ ਮਾਤਾ ਦਾ ਵਰਤਿਆ ਹੋਣ ਕਰ ਕੇ, ਕਟਾਖ ਰੂਪ ਵਿਚ ਵਾਰ ਵਾਰ ਵਰਤ ਰਹੇ ਹਨ।੨।

ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਵੀ, ੬੬੮ ਪੰਨੇ ਤੇ, ਗੁਰੂ ਨੂੰ ਚੰਦਨ ਅਤੇ ਪਾਰਸ ਕਿਹਾ ਹੈ ਜਿਸ ਦੀ ਸੰਗਤ ਕੀਤਿਆਂ ਮਨੁਖ ਚੰਦਨ ਅਤੇ ਸੋਨਾ ਬਣ ਜਾਂਦਾ ਹੈ – 'ਰਾਮ ਪਾਰਸ ਚੰਦਨ ਹਮ ਕਾਸਟ ਲੋਸਟ।। ਹਰਿ ਸੰਗਿ ਹਰੀ ਸਤਸੰਗੁ ਭਏ ਹਰਿ ਕੰਚਨੁ ਚੰਦਨੁ ਕੀਨੇ।।' ਇਸੇ ਤਰ੍ਹਾਂ ਆਦਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ, ੭੨੧ ਪੰਨੇ ਤੇ, ਫ਼ੁਰਮਾਣ ਕੀਤਾ ਹੈ ਕਿ ਵਾਹਗੁਰੂ ਦਾ ਭਗਤ ਚੰਦਨ ਹੁੰਦਾ ਹੈ –

'ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ।।... ਐਸਾ ਭਗਤੁ ਵਰਨ ਮਹਿ ਹੋਇ।।' ਸ੍ਰੀ ਗੁਰੂ ਰਾਮਦਾਸ ਸਾਹਿਬ ਵੀ, ੮੬੧ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਜਿਵੇਂ ਚੰਦਨ ਦੇ ਨਾਲ ਵਸਣ ਨਾਲ ਅਰਿੰਡ ਵਰਗੇ ਬੂਟੇ ਵੀ ਸੁਗੰਧਿਤ ਹੋ ਜਾਂਦੇ ਹਨ ਇਸੇ ਤਰ੍ਹਾਂ ਭਗਤ ਜਨਾਂ ਦੀ ਸੰਗਤ ਵਿਚ ਰਹਿ ਕੇ ਮਨੁੱਖ ਵੀ ਭਗਤੀ ਵਿਚ ਲਗ ਜਾਂਦੇ ਹਨ – 'ਜਿਉਂ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ।।'
ਕਬੀਰ ਸਾਹਿਬ ਆਪਣੇ ਸਲੋਕਾਂ ਵਿਚ ਵੀ ਇਹੀ ਵਰਤਾਰਾ ਦਸਦੇ ਹਨ – 'ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ।।੧੧।।'

## ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥੩॥

ਇਵੇਂ ਹੀ ਪਾਰਸ ਦੇ ਨਾਲ ਲਗ ਕੇ ਤਾਂਬਾ ਵੀ ਵਿਗੜ ਜਾਂਦਾ ਹੈ, ਭਾਵ, ਉਸ ਵਿਚ ਅਜਿਹੀ ਤਬਦੀਲੀ ਆਉਂਦੀ ਹੈ ਕਿ ਉਹ ਸੋਨਾ ਹੀ ਹੋ ਨਿਬੜਦਾ ਹੈ, ਇਥੇ ਸੋਨੇ ਦਾ ਭਾਵ ਸ਼ੁਧਤਾ ਨਾਲ ਹੈ।੩।

ਇਕ ਥਾਂ ਹੋਰ, ੪੮੧ ਪੰਨੇ ਤੇ, ਭਗਤ ਜੀ ਦਾ ਫ਼ੁਰਮਾਣ ਹੈ ਕਿ ਸਾਧੂ ਦੀ ਸੰਗਤ ਨਾਲ ਮਨੁਖ ਨੂੰ ਬਿਬੇਕ ਬੁਧਿ ਦੀ ਇੰਞ ਪ੍ਰਾਪਤੀ ਹੋ ਜਾਂਦੀ ਹੈ ਜਿਵੇਂ ਪਾਰਸ ਨੂੰ ਛੋਹ ਕੇ ਲੋਹਾ, ਸੋਨਾ ਬਣ ਜਾਂਦਾ ਹੈ – 'ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ।। ਪਾਰਸੁ ਪਰਸਿ ਲੋਹਾ ਕੰਚਨੁ ਸੋਈ।।'

# ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ ਰਾਮੈ ਹੋਇ ਨਿਬਰਿਓ ॥੪॥੫॥

ਉਪਰ ਦਿਤੇ, ਸੰਗਤ ਦੇ, ਸਾਰੇ ਦ੍ਰਿਸ਼ਟਾਂਤਾਂ ਵਾਂਙ, ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਸੰਤ ਜਨਾਂ ਦੀ ਸੰਗਤ ਸਦਕਾ ਕਬੀਰ ਜੀ ਵੀ ਵਿਗੜ ਗਏ ਹਨ, ਭਾਵ, ਉਨ੍ਹਾਂ ਵਿਚ ਅਜਿਹੀ ਤਬਦੀਲੀ ਆਈ ਹੈ ਕਿ ਉਹ ਰਾਮ ਦਾ ਰੂਪ ਹੋ ਨਿਬੜੇ ਹਨ, ਜਿਵੇਂ ਕਿ, ੯੬੯ ਪੰਨੇ ਤੇ, ਉਨ੍ਹਾਂ ਦੇ ਆਪਣੇ ਬਚਨ ਹਨ – 'ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ।।' ਇਹੀ ਹੈ ਤਬਦੀਲੀ, ਜਿਸ ਲਈ ਭਗਤ ਜੀ ਲਈ ਉਸ ਸਮੇਂ 'ਬਿਗਰਿਓ' ਸ਼ਬਦ ਦੀ ਵਰਤੋਂ ਹੋਈ ਸੀ।੪।੫।
ਇਹੀ 'ਬਿਗਰਿਓ' ਵਾਲਾ ਕਟਾਖ, ਭਗਤ ਜੀ ਨੇ ੮੫੫ ਪੰਨੇ ਤੇ ਇਕ ਹੋਰ ਸ਼ਬਦ ਵਿਚ ਵੀ ਵਰਤਿਆ ਹੈ। ਆਪ ਜੀ ਫ਼ੁਰਮਾਣ ਕਰਦੇ ਹਨ ਕਿ ਮੈਂ ਤਾਂ ਗੁਰੂ ਦੀ ਕਿਰਪਾ ਸਦਕਾ ਐਸਾ ਵਿਗੜ ਗਿਆ ਹਾਂ ਕਿ ਮੇਰੇ ਮਨ ਦਾ ਸਾਰਾ ਭਰਮ ਦੂਰ ਹੋ ਗਿਆ ਹੈ, ਪਰ ਕੋਈ ਹੋਰ ਨਾ ਵਿਗੜ ਜਾਏ – 'ਮੈ ਬਿਗਰਿਓ ਬਿਗਰੈ ਮਤਿ ਅਉਰਾ।।... ਆਪਿ ਨ ਬਉਰਾ ਰਾਮ ਕੀਓ ਬਉਰਾ।। ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ।।'
ਸਾਰੇ ਸ਼ਬਦ ਦਾ ਭਾਵ, ਮਨੁਖ ਦਾ, ਰਾਮ ਰੂਪ ਹੋਣ ਲਈ, ਰਾਮ ਰੂਪ ਸੰਤ ਜਨਾਂ ਦੀ ਸੰਗਤ ਵਿਚ ਆਉਣਾ ਜ਼ਰੂਰੀ ਹੈ।

Last modified: 10:46 am